**ਵਿਸ਼ਾ: ਐਜੂਸੈਟ ਸੈਕਟੋਰਲ ਕਮੇਟੀ ਦੀ 58ਵੀਂ ਮੀਟਿੰਗ ਮਿਤੀ 14.03.2016 ਦੀ ਕਾਰਵਾਈ ਰਿਪੋਰਟ।**

ਮਾਨਯੋਗ ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ ਪੰਜਾਬ ਐਜੂਸੈਟ ਸੁਸਾਇਟੀ ਜੀ ਦੀ ਪ੍ਰਧਾਨਗੀ ਹੇਠ ਮਿਤੀ 14.03.2016 ਨੂੰ ਐਜੂਸੈਟ ਕਾਨਫਰੰਸ ਹਾਲ ਵਿੱਚ ਮੀਟਿੰਗ ਹੋਈ ਜਿਸ ਵਿੱਚ ਹਾਜ਼ਰ ਮੈਂਬਰਾਂ ਦੀ ਲਿਸਟ ਨਾਲ ਨੱਥੀ (ਅਨੁਲਗ-1) ਹੈ।

1.0 ***ਐਜੂਸੈਟ ਨੈਟਵਰਕ ਸਬੰਧੀ:*** ਜਿਲ੍ਹਾ ਐਜੂਸੈਟ ਕੋਆਰਡੀਨੇਟਰਾਂ ਨੇ ਆਪਣੇ-ਆਪਣੇ ਜਿਲ੍ਹੇ ਦੇ ਐਜੂਸੈਟ ਨੈਟਵਰਕ ਸਬੰਧੀ ਆਪਣੀ ਪ੍ਰੈਜੇਨਟੇਸ਼ਨ ਦਿੱਤੀ। ਜਿਸ ਵਿੱਚ ਉਹਨਾਂ ਨੇ ਆਪਣੇ ਜਿਲ੍ਹੇ ਦੇ ਨੈਟਵਰਕ ਦੀ ਮੌਜੂਦਾ ਸਥਿਤੀ (ਅਨੁਲਗ-2) ਬਾਰੇ ਦੱਸਿਆ। ਉਹਨਾਂ ਨੈਟਵਰਕ ਨੂੰ ਬਿਨ੍ਹਾਂ ਏ.ਐਮ.ਸੀ ਤੋਂ ਮੇਨਟੇਂਨ ਕਰਨ ਵਿੱਚ ਆ ਰਹੀਆਂ ਤਕਲੀਫਾ ਬਾਰੇ ਵੀ ਦੱਸਿਆ। ਫੈਸਲਾ ਕੀਤਾ ਗਿਆ ਕਿ ਨਵਾਂ ਵਿੱਦਿਅਕ ਸੈਸ਼ਨ ਸ਼ੁਰੂ ਹੋਣ ਤੱਕ ਸਾਰੇ ਜਿਲ੍ਹੇ ਆਪਣੇ-ਆਪਣੇ ਆਰ.ਓ.ਟੀਜ਼ ਨੂੰ 100% ਤੱਕ ਚਾਲੂ ਕਰ ਲੈਣ। ਪੂਰੀਆਂ ਕੋਸ਼ਿਸ਼ਾਂ ਕੀਤੀਆਂ ਜਾਣ ਕਿ ਐਜੂਸੈਟ ਦੇ ਸਾਜੋ-ਸਮਾਨ ਦੀ ਚੋਰੀ ਨਾ ਹੋਵੇ। ਚੋਰੀ ਹੋਣ ਦੇ ਕਾਰਣ ਦਾ ਪਤਾ ਕਰਕੇ ਜਿੰਮੇਵਾਰੀ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਦੁਆਰਾ ਫਿਕਸ ਕੀਤੀ ਜਾਵੇ ਅਤੇ ਇਸ ਦੀ ਰਿਪੋਰਟ ਹੋਰ ਜਰੂਰੀ ਕਾਰਵਾਈ ਦੇ ਨਾਲ-ਨਾਲ ਇਸ ਦਫਤਰ ਨੂੰ ਵੀ ਭੇਜੀ ਜਾਵੇ। ਐਜੂਸੈਟ ਲਈ ਨਵੇਂ ਵਿੱਦਿਅਕ ਵਰ੍ਹੇ ਲਈ ਐਲੋਕੇਟ ਕੀਤੇ ਬਜਟ ਦੀ ਜਾਣਕਾਰੀ ਦਿੱਤੀ ਗਈ ਅਤੇ ਫੈਸਲਾ ਕੀਤਾ ਗਿਆ ਕਿ ਬਾਕੀ ਜਰੂਰੀ ਗਤੀਵਿਧੀਆਂ ਦੇ ਨਾਲ-ਨਾਲ ਐਜੂਸੈਟ ਦੇ ਮੁਕੰਮਲ ਨੈਟਵਰਕ ਅਤੇ ਐਜੂਸੈਟ ਈ-ਲਾਇਬਰੇਰੀਆਂ ਦੀ ਏ.ਐਮ.ਸੀ ਤਰਜੀਹੀ ਤੌਰ ਤੇ ਕਰਵਾਈ ਜਾਵੇ।

1.1 ***ਜਿਲ੍ਹਾਵਾਰ ਐਜੂਸੈਟ ਨੈਟਵਰਕ ਦੀ ਸਥਿਤੀ:*** ਜਿਲ੍ਹਾ ਐਜੂਸੈਟ ਕੋਆਰਡੀਨੇਟਰਾਂ ਨੇ ਆਪਣੀ ਪ੍ਰੈਜੇਨਟੇਸ਼ਨ ਦੌਰਾਨ ਦੱਸਿਆ ਕਿ ਕੁਝ ਜਿਲ੍ਹਿਆਂ ਵਿੱਚ ਆਰ.ਓ.ਟੀ ਜਾਂ ਈ-ਲਾਇਬਰੇਰੀ ਦਾ ਇਕੁਪਮੈਂਟ ਡਿਲੀਵਰ ਕੀਤਾ ਹੋਇਆ ਹੈ ਪ੍ਰੰਤੂ ਉਸ ਸਮੇਂ ਸਕੂਲ ਵਿੱਚ ਲੋੜੀਂਦਾ ਕਮਰਾ ਨਾ ਹੋਣ ਕਾਰਣ ਇਹ ਇਕੁਪਮੈਂਟ ਇੰਸਟਾਲ ਨਹੀਂ ਕਰਵਾਇਆ ਜਾ ਸਕਿਆ। ਹੁਣ ਇਹਨਾਂ ਸਕੂਲਾਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਹੁਣ ਕਮਰਾ ਉਪਲਬਧ ਹੈ ਇਸ ਲਈ ਇਹ ਇਕੁਪਮੈਂਟ ਇੰਸਟਾਲ ਕਰਵਾਇਆ ਜਾਵੇ। ਜਿੰਵੇ ਕਿ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਸਹਸ ਖੇਲਣ ਅਤੇ ਸਹਸ ਰਾਜੋ ਮਾਜਰਾ ਵਿਚ ਹੁਣ ਕਮਰਾ ਉਪਲਬਧ ਹੋ ਗਿਆ ਹੈ ਅਤੇ ਇਸ ਵਿੱਚ ਈ-ਲਾਇਬਰੇਰੀ ਦਾ ਸਮਾਨ ਇੰਸਟਾਲ ਕਰਵਾਉਣਾ ਹੈ, ਜਿਲ੍ਹਾ ਤਰਨ ਤਾਰਨ ਵਿੱਚ ਸਸਸਸ ਵਲਟੋਹਾ ਮੁੰਡੇ ਅਤੇ ਸਹਸ ਰਤੋਕੇ ਵਿੱਚ ਆਰ.ਓ.ਟੀ ਇੰਸਟਾਲ ਕਰਵਾਉਣਾ ਹੈ, ਜਿਲ੍ਹਾ ਜਲੰਧਰ ਸਹਸ ਕੁਲਾਰ ਅਤੇ ਸਹਸ ਸਲਹਾੜੀ ਆਰ.ਓ.ਟੀ ਇੰਸਟਾਲ ਕਰਵਾਉਣੀ ਹੈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਅਜਿਹੇ ਸਾਰੇ ਸਕੂਲਾਂ ਦੇ ਵੇਰਵੇ ਜਿਲ੍ਹਿਆਂ ਤੋਂ ਇੱਕਠੇ ਕਰਕੇ ਇਸ ਤਜਵੀਜ਼ ਦੀ ਪ੍ਰਵਾਨਗੀ ਲੈਣ ਲਈ ਵੱਖਰੀ ਮਿਸਲ ਤੇ ਪਟਅੱਪ ਕੀਤਾ ਜਾਵੇ।

2.0 ***ਐਜੂਸੈਟ ਦੇ ਪ੍ਰੋਗਰਾਮਾਂ ਦੀ ਪੜਚੋਲ:*** ਮੀਟਿੰਗ ਵਿੱਚ ਦੱਸਿਆ ਗਿਆ ਕਿ ਪਿੱਛਲੇ ਵਿੱਦਿਅਕ ਵਰ੍ਹੇ ਦੌਰਾਨ ਸਾਰੀ ਸਟੇਟ ਦਾ ਇੱਕ ਸਾਰ ਟਾਈਮ-ਟੇਬਲ ਬਣਾਇਆ ਗਿਆ ਸੀ, ਜਿਸ ਅਨੁਸਾਰ 6ਵੀਂ ਤੋਂ 12ਵੀਂ ਜਮਾਤ ਦੇ ਕਰੀਕੁਲਰ ਅਤੇ ਸਪੈਸ਼ਲ ਪ੍ਰੋਗਰਾਮ ਨਸ਼ਰ ਕੀਤੇ ਗਏ।

ਇਹਨਾਂ ਤੋਂ ਇਲਾਵਾ ਮੁਕਾਬਲੇ ਦੀ ਪ੍ਰੀਖਿਆ, ਮੀਟ ਏ ਸਾਇੰਟਿਸਟ, ਮੀਟ ਏ ਡਾਕਟਰ, ਮੀਟ ਏ ਪਰਸਨੈਲਿਟੀ, ਕੈਰੀਅਰ ਕਾਊਸਲਿੰਗ, ਟ੍ਰੈਫਿਕ ਅਵੇਅਰਨੈਸ, ਨਸ਼ਿਆਂ ਵਿਰੋਧੀ, ਆਮ ਜਾਣਕਾਰੀ ਸਬੰਧੀ ਪ੍ਰੋਗਰਾਮ ਵੀ ਕੀਤੇ ਗਏ ਜੋ ਕਿ ਹਰਮਨ ਪਿਆਰੇ ਰਹੇ। ਐਜੂਸੈਟ ਪ੍ਰੋਗਰਾਮਾਂ ਸਬੰਧੀ ਇਵੈਲੂਏਸ਼ਨ ਰਿਪੋਰਟ ਨਾਲ ਦੀ ਨਾਲ ਫੋਨ, ਈ-ਮੇਲ ਰਾਹੀਂ ਲਈ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਵੈਬਸਾਈਟ ਦੇ ਲਿੰਕ http://goo.gl/forms/FTN8oQjnpp ਤੇ ਵੀ ਇਵੈਲੂਏਸ਼ਨ ਸਬੰਧੀ ਸਭਨਾ ਨੇ ਬਹੁਤ ਦਿਲਚਸਪੀ ਦਿਖਾਈ ਹੈ। ਇਸ ਆਨਲਾਈਨ ਰਿਪੋਰਟ ਅਨੁਸਾਰ ਐਜੂਸੈਟ ਦੇ ਸਾਰੇ ਪ੍ਰੋਗਰਾਮ ਉੱਤਮ ਦਰਜੇ, ਬਹੁਤ ਵਧੀਆ ਜਾਂ ਵਧੀਆ ਰਹੇ ਹਨ। ਇਸ ਤੋਂ ਇਲਾਵਾ ਮੋਨੀਟਰਿੰਗ ਲਈ WhatsApp ਤੇ ਵੀ ਫੋਟੋਆਂ ਸ਼ੇਅਰ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਤੋਂ ਪ੍ਰੋਗਰਾਮ ਅਟੈਂਡ ਕੀਤੇ ਜਾਣ ਬਾਰੇ ਸਹੀ ਜਾਣਕਾਰੀ ਮਿਲਦੀ ਹੈ। ਫੈਸਲਾ ਕੀਤਾ ਗਿਆ ਕਿ ਇਵੈਲੂਏਸ਼ਨ ਅਤੇ ਮੋਨੀਟਰਿੰਗ ਦਾ ਇਹ ਕਾਰਗਰ ਤਰੀਕਾ ਅਗਲੇ ਵਿੱਦਿਅਕ ਵਰ੍ਹੇ ਵਿੱਚ ਵੀ ਚਾਲੂ ਰੱਖਿਅ ਜਾਵੇ।

2.1 ਜਿਲ੍ਹਾ ਐਜੂਸੈਟ ਕੋਆਰਡੀਨੇਟਰਾਂ ਨੇ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਦੇ ਪ੍ਰਸ਼ਨ, "ਕਿ ਐਜੂਸੈਟ ਦੇ ਪ੍ਰੋਗਰਾਮਾਂ ਦਾ ਅਸਲ ਵਿੱਚ ਵਿਦਿਆਰਥੀਆਂ ਤੇ ਕੋਈ ਵਧੀਆ ਇੰਪੈਕਟ ਵੀ ਪਾਉਂਦਾ ਹੈ ਕਿ ਨਹੀਂ?" ਦੇ ਉਤਰ ਵਿੱਚ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਫਿਰੋਜਪੁਰ ਸ਼੍ਰੀ ਅਜੈ ਕੁਮਾਰ ਨੇ ਐਜੂਸੈਟ ਦੇ ਪ੍ਰੋਗਰਾਮਾਂ ਦੀ ਬਹੁਤ ਤਾਰੀਫ ਕੀਤੀ ਅਤੇ ਦੱਸਿਆ ਕਿ ਇਥੋ ਤੱਕ ਕਿ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਦੀ ਜਾਣਕਾਰੀ ਵੀ ਐਜੂਸੈਟ ਦੇ ਪ੍ਰੋਗਰਾਮਾਂ ਨਾਲ ਅੱਪਡੇਟ ਹੋ ਜਾਂਦੀ ਹੈ। ਇਸ ਲਈ ਐਜੂਸੈਟ ਦੇ ਪ੍ਰੋਗਰਾਮਾਂ ਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਪਹੁਚਾਉਣਾ ਜਰੂਰੀ ਹੋ ਜਾਂਦਾ ਹੈ। ਬਾਕੀ ਹਾਜ਼ਰ ਮੈਂਬਰਾਂ ਨੇ ਵੀ ਐਜੂਸੈਟ ਦੇ ਪ੍ਰੋਗਰਾਮਾਂ ਦੀ ਇਸੇ ਤਰ੍ਹਾਂ ਸਾਰਥਕਤਾ ਦਰਸਾਈ। ਇਸ ਸਬੰਧੀ ਫੈਸਲਾ ਕੀਤਾ ਗਿਆ ਕਿ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਲਈ ਵੀ ਐਜੂਸੈਟ ਰਾਹੀਂ ਸਪੈਸ਼ਲ ਪ੍ਰੋਗਰਾਮ ਕੀਤੇ ਜਾਣ ਤਾਂ ਜੋ ਅਧਿਆਪਕ ਇਹ ਪ੍ਰੋਗਰਾਮ ਅਟੈਂਡ ਕਰਕੇ ਵਿਦਿਆਰਥੀਆਂ ਨੂੰ ਹੋਰ ਵਧੀਆ ਜਾਣਕਾਰੀ ਦੇਣ ਦੇ ਸਮਰੱਥ ਹੋ ਜਾਣ। ਇਹ ਫੈਸਲਾ ਕੀਤਾ ਗਿਆ ਕਿ ਸਕੂਲ ਸਮੇਂ ਤੋਂ ਬਾਅਦ ਘੱਟੋ ਘੱਟ ਇੱਕ ਘੰਟਾ ਹੋਰ ਐਜੂਸੈਟ ਦੇ ਪ੍ਰੋਗਰਾਮ ਅਧਿਆਪਕਾਂ ਲਈ ਵੀ ਨਸ਼ਰ ਕੀਤੇ ਜਾਣ ਅਤੇ ਐਜੂਸੈਟ ਦੇ ਪ੍ਰੋਗਰਾਮਾਂ ਨੂੰ ਵੱਧ ਸਮੇਂ ਲਈ ਉਪਲਬਧ ਕਰਾਉਣ ਲਈ ਉਪਰਾਲੇ ਕੀਤੇ ਜਾਣ।

2.2 ਇਹ ਵੀ ਫੈਸਲਾ ਕੀਤਾ ਗਿਆ ਕਿ ਫਿਰ ਤੋਂ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ ਕਿ ਸਬੰਧਤ ਵਿਸ਼ੇ ਦਾ ਅਧਿਆਪਕ ਵਿਦਿਆਰਥੀਆਂ ਦੇ ਨਾਲ ਕਲਾਸ ਵਿੱਚ ਜਰੂਰ ਬੈਠੇ ਅਤੇ ਉਹ ਧਿਆਨ ਦੇਵੇ ਕਿ ਵਿਦਿਆਰਥੀ ਪੂਰੇ ਅਨੁਸਾਸ਼ਨ ਨਾਲ ਪ੍ਰੋਗਰਾਮ ਵੇਖਣ ਅਤੇ ਨਾਲ ਦੀ ਨਾਲ ਆਪਣੀ ਨੋਟਬੁੱਕ ਵਿੱਚ ਲੋੜੀਂਦੇ ਨੁਕਤੇ ਨੋਟ ਕਰ ਰਹੇ ਹਨ।

3.0 ***ਐਜੂਸੈਟ ਟਾਈਮ-ਟੇਬਲ ਸਬੰਧੀ:*** ਦੋ ਤਜਵੀਜ਼ਤ ਕੀਤੇ ਟਾਈਮ ਟੇਬਲਾਂ ਤੇ ਵਿਚਾਰ ਕੀਤਾ ਗਿਆ ਅਤੇ ਸ਼੍ਰੀ ਜਸਵੀਰ ਸਿੰਘ ਸਸਸਸ ਦਿਓਣ ਜਿਲ੍ਹਾ ਬਠਿੰਡਾ ਤੋ ਪ੍ਰਾਪਤ ਐਜੂਸੈਟ ਟਾਈਮ ਟੇਬਲ ਨੂੰ ਅਧਾਰ ਬਣਾਕੇ ਨਵੇਂ ਵਿੱਦਿਅਕ ਵਰ੍ਹੇ 2016-17 ਲਈ ਟਾਈਮ ਟੇਬਲ ਤਿਆਰ ਕੀਤਾ ਗਿਆ ਅਤੇ ਪ੍ਰਵਾਨ ਕੀਤਾ ਗਿਆ (ਅਨੁਲਗ-3)।

ਇਸ ਟਾਈਮ ਟੇਬਲ ਅਨੁਸਾਰ:

ਪਹਿਲਾ ਪੀਰੀਅਡ ਸ਼ਨੀਵਾਰ ਵਾਲੇ ਦਿਨ ਵੋਕੇਸ਼ਨਲ ਗਰੁੱਪ ਤਹਿਤ 10ਵੀਂ ਜਮਾਤ ਦੇ ਲਈ NSQF ਲਈ ਦਿੱਤਾ ਜਾਂਦਾ ਹੈ। ਦੂਜਾ ਪੀਰੀਅਡ 12ਵੀਂ ਜਮਾਤ ਦੇ ਸਾਇੰਸ ਅਤੇ ਕਮਰਸ ਦੇ ਵਿਦਿਆਰਥੀਆਂ ਲਈ, ਤੀਜ਼ਾ ਪੀਰੀਅਡ 12ਵੀਂ ਜਮਾਤ ਦੇ ਹਿਊਮੈਨਟੀਜ਼ ਗਰੁੱਪ ਦੇ ਵਿਦਿਆਰਥੀਆਂ ਲਈ ਅਤੇ ਇਸੇ ਤਰ੍ਹਾ ਚੋਥਾ ਪੀਰੀਅਡ 11ਵੀਂ ਜਮਾਤ ਦੇ ਸਾਇੰਸ ਅਤੇ ਕਮਰਸ ਦੇ ਵਿਦਿਆਰਥੀਆਂ ਲਈ ਅਤੇ ਪੰਜਵਾਂ ਪੀਰੀਅਡ 11ਵੀਂ ਜਮਾਤ ਦੇ ਹਿਊਮੈਨਟੀਜ਼ ਗਰੁੱਪ ਦੇ ਵਿਦਿਆਰਥੀਆਂ ਲਈ ਦਿੱਤਾ ਗਿਆ ਹੈ। ਛੇਵਾਂ ਪੀਰੀਅਡ ਛੇਵੀਂ ਤੋ ਗਿਆਰਵੀਂ ਦੀਆਂ ਜਮਾਤਾਂ ਨੂੰ ਸਪੈਸ਼ਲ ਲੈਕਚਰ ਲਈ ਦਿੱਤਾ ਗਿਆ ਹੈ। ਸੱਤਵਾਂ, ਅੱਠਵਾਂ ਅਤੇ ਨੌਵਾਂ ਪੀਰੀਅਡ ਛੇਵੀ, ਸੱਤਵੀਂ, ਨੌਵੀ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਵੱਖ ਵੱਖ ਵਿਸ਼ੇ ਕਵਰ ਕਰਨ ਲਈ ਰੱਖਿਆ ਗਿਆ ਹੈ।

ਇਸ ਟਾਈਮ ਟੇਬਲ ਅਨੁਸਾਰ ਹੇਠ ਲਿਖੀਆਂ ਜਮਾਤਾਂ ਨੂੰ ਅਲਾਟ ਕੀਤੇ ਪੀਰੀਅਡ ਹੇਠ ਲਿਖੇ ਅਨੁਸਾਰ ਹਨ।

| | | |
|---|---|---|
| 6ਵੀਂ ਜਮਾਤ ਲਈ | - | 04 |
| 7ਵੀਂ ਜਮਾਤ ਲਈ | - | 04 |
| 8ਵੀਂ ਜਮਾਤ ਲਈ | - | 04 |
| 9ਵੀਂ ਜਮਾਤ ਲਈ | - | 05 |
| 10ਵੀਂ ਜਮਾਤ ਲਈ | - | 07 |
| 11ਵੀਂ ਜਮਾਤ ਲਈ | - | ਸਾਇੰਸ 04 + ਕਮਰਸ 01 + ਹਿਊਮੈਨਟੀਜ਼ 07 + ਸਪੈਸ਼ਲ ਲੈਕਚਰ 01 = ਕੁੱਲ ਲੈਕਚਰ 13 |
| 12ਵੀਂ ਜਮਾਤ ਲਈ | - | ਸਾਇੰਸ 04 + ਕਮਰਸ 01 + ਹਿਊਮੈਨਟੀਜ਼ 07 = ਕੁੱਲ ਲੈਕਚਰ 12 |

ਪਹਿਲਾ ਪੀਰੀਅਡ ਸੋਮਵਾਰ ਤੋ ਸ਼ੁੱਕਰਵਾਰ ਤੱਕ ਕਲਾਸ ਇੰਚਾਰਜ਼ਾਂ ਲਈ ਸਕੂਲ ਟਾਈਮ ਟੇਬਲ ਅਨੁਸਾਰ ਰਾਖਵਾਂ ਰੱਖ ਦਿੱਤਾ ਗਿਆ ਹੈ।

ਸਪੈਸ਼ਲ ਪੀਰੀਅਡ ਲੋੜ ਅਨੁਸਾਰ ਸਬੰਧਤ ਜਮਾਤ ਲਈ ਉਹਨਾਂ ਦੇ ਵਿਸ਼ੇ ਦੇ ਐਜੂਸੈਟ ਪੀਰੀਅਡਾਂ ਵਿੱਚ ਹੀ ਅਡਜਸਟ ਕੀਤੇ ਜਾਣਗੇ ਜੋ ਮਹੀਨਾਵਾਰ ਸ਼ਡਿਊਲ ਵਿੱਚ ਰਿਫਲੈਕਟ ਹੋਣਗੇ। ਇਹ ਵੀ ਫੈਸਲਾ ਕੀਤਾ ਗਿਆ ਕਿ ਸਾਫਟ ਸਕਿਲਜ਼ ਪ੍ਰੋਗਰਾਮ 12ਵੀਂ ਜਮਾਤ ਦੇ ਨਾਲ-ਨਾਲ 11ਵੀਂ ਜਮਾਤ ਨੂੰ ਇਸ ਸਾਲ ਵੀ ਅੰਗਰੇਜੀ ਵਿਸ਼ੇ ਦੇ ਪ੍ਰੋਗਰਾਮਾਂ ਦੇ ਅਧੀਨ ਕਰਵਾਇਆ ਜਾਵੇ।

4.0 ***ਡੱਬਲ ਸ਼ਿਫਟ ਵਾਲੇ ਸਕੂਲਾਂ ਸਬੰਧੀ:*** ਡੱਬਲ ਸ਼ਿਫਟ ਸਕੂਲਾਂ ਦਾ ਸਮਾਂ ਐਜੂਸੈਟ ਦੇ ਪ੍ਰੋਗਰਾਮਾਂ ਨਾਲ ਮੇਲ ਨਹੀਂ ਖਾਂਦਾ ਇਸ ਲਈ ਅਜਿਹੇ ਸਕੂਲਾਂ ਦੇ ਮੁੱਖੀ ਵਿਦਿਆਰਥੀਆਂ ਲਈ ਐਜੂਸੈਟ ਲਾਇਬਰੇਰੀ ਤੇ ਕੰਨਟੈਂਟ ਉਪਲਬਧ ਕਰਾਉਣਗੇ ਜੋ ਵਿਦਿਆਰਥੀ ਅਤੇ ਅਧਿਆਪਕ ਆਪਣੀ ਸੁਵਿਧਾ ਅਨੁਸਾਰ ਵੇਖ ਸਕਣਗੇ। ਐਜੂਸੈਟ ਲਾਇਬਰੇਰੀ ਤੇ ਜੇਕਰ ਇਹ ਕੰਨਟੈਂਟ ਕੰਪਿਊਟਰ ਸਿੱਖਿਆ ਕਰਵਾਉਣ ਕਰਕੇ ਸਮਾਂ ਉਪਲਬਧ ਨਹੀਂ ਹੋ ਸਕਦਾ ਤਾਂ ਅਜਿਹੀ ਹਾਲਤ ਵਿੱਚ ਸਕੂਲ ਮੁੱਖੀ ਐਜੂਸੈਟ ਤੋਂ ਹਾਰਡ ਡਿਸਕ ਤੇ ਕੰਨਟੈਂਟ ਉਪਲਬਧ ਕਰਾ ਕੇ ਲੋੜ ਅਨੁਸਾਰ ਵਿਦਿਆਰਥੀਆਂ ਨੂੰ ਦੇ ਸਕਦੇ ਹਨ।

5.0 ***ਵੱਧ ਗਿਣਤੀ ਵਾਲੇ ਸੈਕਸ਼ਨਾਂ ਵਾਲੇ ਸਕੂਲਾਂ ਸਬੰਧੀ:*** ਵੱਧ ਗਿਣਤੀ ਵਾਲੇ ਸੈਕਸ਼ਨਾਂ ਲਈ ਸਕੂਲ ਮੁੱਖੀ ਐਜੂਸੈਟ ਲਈ ਤਰਜੀਹੀ ਤੌਰ ਤੇ ਵੱਡਾ ਹਾਲ ਉਪਲਬਧ ਕਰਵਾ ਸਕਦੇ ਹਨ ਜਿਥੇ ਐਜੂਸੈਟ ਵੱਲੋਂ ਆਰ.ਓ.ਟੀ ਰੀਇੰਸਟਾਲ ਕਰਵਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸਕੂਲ ਮੁੱਖੀ ਸਕੂਲ ਦੇ ਅਮਲਗਾਮੇਟਿਡ ਫੰਡ ਵਿੱਚੋਂ ਹੋਰ ਕਮਰਾ ਉਪਲਬਧ ਹੋਣ ਦੀ ਸੂਰਤ ਵਿੱਚ ਵਾਧੂ ਆਰ.ਓ.ਟੀ ਖਰੀਦਣ ਲਈ ਵਿਭਾਗ ਨੂੰ ਅਗਲੀ ਕਾਰਵਾਈ ਲਈ ਤਜਵੀਜ਼ ਭੇਜ ਸਕਦੇ ਹਨ।

6.0 ***ਰਿਸੋਰਸ ਪਰਸਨਜ਼ ਦੀ ਇੰਮਪੈਨਲਮੈਂਟ ਸਬੰਧੀ:*** ਸਾਰੇ ਹਾਜਰੀਨ ਨੂੰ ਬੇਨਤੀ ਕੀਤੀ ਗਈ ਕਿ ਐਜੂਸੈਟ ਲਈ ਸਾਰੇ ਸਬੰਧਤ ਵਿਸ਼ਿਆਂ ਲਈ ਵੱਧ ਤੋਂ ਵੱਧ ਰਿਸੋਰਸ ਪਰਸਨ ਦੀ ਇੰਮਪੈਨਲਮੈਂਟ ਕਰਵਾਈ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਫਿਰ ਤੋਂ ਹਦਾਇਤ ਪੱਤਰ ਜਾਰੀ ਕਰ ਦਿੱਤਾ ਜਾਵੇ ਤਾਂ ਜੋ ਸਾਰੇ ਜਿਲ੍ਹਿਆਂ ਵਿੱਚੋਂ ਵੱਧ ਤੋਂ ਵੱਧ ਰਿਸੋਰਸ ਪਰਸਨ ਇੰਮਪੈਨਲ ਕੀਤੇ ਜਾ ਸਕਣ।

7.0 ਐਸ.ਐਸ.ਏ, ਰਮਸਅ ਅਤੇ ਹੋਰ ਸਬੰਧਤ ਸੁਸਾਇਟੀਆਂ ਦੇ ਪ੍ਰੋਗਰਾਮਾਂ ਨੂੰ ਨਵੇਂ ਵਿੱਦਿਅਕ ਸਾਲ ਵਿੱਚ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ।

8.0 ***ਵੋਕੇਸ਼ਨਲ ਕੋਰਸ ਅਤੇ ਰਹਿੰਦੇ ਵਿਸ਼ੀਆਂ ਦੇ ਪ੍ਰੋਗਰਾਮਾਂ ਸਬੰਧੀ:*** ਸਰਕਾਰ ਵੱਲੋਂ NSQF ਅਧੀਨ ਲਗਭਗ 400 ਸਕੂਲਾਂ ਵਿੱਚ ਵੋਕੇਸ਼ਨਲ ਕੋਰਸ ਸ਼ੁਰੂ ਕੀਤੇ ਗਏ ਹਨ ਇਸ ਲਈ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਸਟ੍ਰੀਮ ਅਧੀਨ ਸ਼ੁਰੂ ਵਿੱਚ 10ਵੀਂ ਜਮਾਤ ਦੇ ਪ੍ਰੋਗਰਾਮਾਂ ਨੂੰ ਹਫਤੇ ਵਿੱਚ ਇੱਕ ਪੀਰੀਅਡ ਜਰੂਰ ਦਿੱਤਾ ਜਾਵੇ।

9.0 ***ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਦੇ ਪ੍ਰੋਗਰਾਮਾਂ ਸਬੰਧੀ***: ਇਸ ਸਬੰਧੀ ਫੈਸਲਾ ਕੀਤਾ ਗਿਆ ਕਿ 8ਵੀਂ ਜਮਾਤ ਲਈ NMMS, 10ਵੀਂ ਜਮਾਤ ਲਈ NTSE ਅਤੇ 12ਵੀਂ ਜਮਾਤ ਲਈ ਸਾਇੰਸ ਦੇ ਵਿਦਿਆਰਥੀਆਂ ਦੀ ਤਿਆਰੀ ਕਰਵਾਉਣ ਲਈ ਜੇਕਰ ਹੋਰ ਪ੍ਰਬੰਧ ਨਾ ਹੋਇਆ ਤਾਂ ਇਹ ਪ੍ਰੋਗਰਾਮ ਵੀ ਐਜੂਸੈਟ ਰਾਹੀਂ ਨਵੇਂ ਵਿੱਦਿਅਕ ਵਰ੍ਹੇ ਵਿੱਚ ਜਾਰੀ ਰੱਖ ਲਏ ਜਾਣ।

10.0 ***ਸਪੈਸ਼ਲ ਲੈਕਚਰ ਕਰਵਾਉਣ ਸਬੰਧੀ:*** ਸਪੈਸ਼ਲ ਲੈਕਚਰਾਂ ਦੀ ਗਿਣਤੀ ਵਧਾਉਣ ਦੇ ਨਾਲ-ਨਾਲ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਸਪੈਸ਼ਲ ਪ੍ਰੋਗਰਾਮ ਦਿਖਾਉਣ ਦੇ ਮੰਤਵ ਨਾਲ ਫੈਸਲਾ ਕੀਤਾ ਗਿਆ ਕਿ ਵਿਦਿਆਰਥੀਆਂ ਨੂੰ ਉਹਨਾਂ ਦੀ ਕਲਾਸ ਲਈ ਵੱਖ-ਵੱਖ ਵਿਸ਼ਿਆਂ ਦੇ ਪੀਰੀਅਡਾਂ ਵਿੱਚ ਜਰੂਰਤ ਅਨੁਸਾਰ ਸਪੈਸ਼ਲ ਲੈਕਚਰ ਪ੍ਰੋਜੈਕਟ ਡਾਇਰੈਕਟਰ ਜੀ ਦੀ ਪ੍ਰਵਾਨਗੀ ਨਾਲ ਸ਼ਾਮਿਲ ਕੀਤੇ ਜਾਣਗੇ ਜੋ ਮਹੀਨਾਵਾਰ ਸ਼ਡਿਊਲ ਵਿੱਚ ਰਿਫਲੈਕਟ ਹੋਣਗੇ।

11.0 ***ਇੰਨਵਾਇਰਮੈਂਟ ਅਤੇ ਕੈਰੀਅਰ ਕਾਊਂਸਲਿੰਗ ਦੇ ਪ੍ਰੋਗਰਾਮ ਨੂੰ ਸ਼ਾਮਿਲ ਕਰਨ ਸਬੰਧੀ:*** ਇੰਨਵਾਇਰਮੈਂਟ ਅਤੇ ਕੈਰੀਅਰ ਕਾਊਂਸਲਿੰਗ ਸਬੰਧੀ ਪ੍ਰੋਗਰਾਮ ਵੀ ਸਪੈਸ਼ਲ ਪ੍ਰੋਗਰਾਮਾਂ

ਵਿੱਚ ਸ਼ਾਮਿਲ ਕੀਤੇ ਜਾਣ ਅਤੇ ਘੱਟੋ-ਘੱਟ ਇੱਕ-ਇੱਕ ਪ੍ਰੋਗਰਾਮ ਇਹਨਾਂ ਦੋਨਾਂ ਵਿਸ਼ਿਆਂ ਤੇ ਪ੍ਰਤੀ ਮਹੀਨਾਂ 12ਵੀਂ ਅਤੇ 10ਵੀਂ ਜਮਾਤ ਨੂੰ ਜਰੂਰ ਕਰਵਾਇਆ ਜਾਵੇ।

12.0 ***ਵੱਖ-ਵੱਖ ਵਿਸ਼ਿਆਂ ਅਤੇ ਜਮਾਤਾਂ ਦੇ ਸਿਲੇਬਸ ਸਬੰਧੀ:*** ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡਿਪਟੀ ਡਾਇਰੈਕਟਰ ਸ੍ਰੀਮਤੀ ਅਮਰਜੀਤ ਕੌਰ ਦਾਲਮ ਨੇ ਦੱਸਿਆ ਕਿ ਉਹ 6ਵੀਂ ਤੋਂ 12ਵੀਂ ਜਮਾਤ ਦੇ ਸਿਲੇਬਸ ਤਬਦੀਲ ਦੀ ਰਿਪੋਰਟ ਇੱਕ ਦੋ ਦਿਨਾਂ ਵਿੱਚ ਭੇਜ ਦੇਣਗੇ। ਇਸ ਸਬੰਧੀ ਫੈਸਲਾ ਕੀਤਾ ਗਿਆ ਕਿ ਜਿਨ੍ਹਾਂ ਵਿਸ਼ਿਆਂ ਦਾ ਸਿਲੇਬਸ ਤਬਦੀਲ ਹੋਵੇਗਾ ਉਹਨਾਂ ਸਬੰਧੀ ਐਜੂਸੈਟ ਦਾ ਕੰਨਟੈਂਟ ਰੀਵਿਊ ਕੀਤਾ ਜਾਵੇਗਾ ਅਤੇ ਨਵੇਂ ਸਿਲੇਬਸ ਅਨੁਸਾਰ ਢੁੱਕਵੇਂ ਕੰਨਟੈਂਟ ਦੀ ਚੋਣ ਕਰਨ ਸਬੰਧੀ ਵਰਕਸ਼ਾਪਾਂ ਕਰ ਲਈਆਂ ਜਾਣ।

13.0 ***ਆਰ.ਓ.ਟੀ ਨੈਟਵਰਕ ਦੀ ਟ੍ਰਬਲਸ਼ੂਟਿੰਗ ਸਬੰਧੀ ਪ੍ਰੋਗਰਾਮ:*** ਜਿਲ੍ਹਾ ਮੋਗਾ ਦੇ ਕੋਆਰਡੀਨੇਟਰ ਸ੍ਰੀ ਵਿਕਾਸ ਚੋਪੜਾ ਅਤੇ ਜਿਲ੍ਹਾ ਮੁਕਤਸਰ ਦੇ ਕੋਆਰਡੀਨੇਟਰ ਸ੍ਰੀ ਅਮਨਦੀਪ ਸਿੰਘ ਵੱਲੋਂ ਸਾਰੇ ਹਾਜ਼ਰ ਮੈਂਬਰਾਂ ਨੂੰ ਆਰ.ਓ.ਟੀ ਨੈਟਵਰਕ ਦੀ ਟ੍ਰਬਲਸ਼ੂਟਿੰਗ ਸਬੰਧੀ ਫਿਰ ਤੋਂ ਟ੍ਰੇਨਿੰਗ ਦਿੱਤੀ ਗਈ ਜਿਸ ਵਿੱਚ ਸਾਰੇ ਜਿਲ੍ਹਿਆਂ ਦੇ ਕੋਆਰਡੀਨੇਟਰਾਂ ਵੱਲੋਂ ਆਪਣਾ-ਆਪਣਾ ਫੀਡਬੈਕ ਵੀ ਦਿੱਤਾ ਗਿਆ। ਇਸ ਟ੍ਰੇਨਿੰਗ ਦੀ ਰਿਕਾਰਡਿੰਗ ਐਜੂਸੈਟ ਸਟੂਡਿਓ ਤੇ ਵੀ ਕਰਵਾਈ ਗਈ ਤਾਂ ਜੋ ਸਾਰੇ ਸਕੂਲਾਂ ਦੇ ਕੋਆਰਡੀਨੇਟਰਾਂ ਲਈ ਇਹ ਐਜੂਸੈਟ ਸਟੂਡਿਓ ਤੋਂ ਨਸ਼ਰ ਕਰਕੇ ਨੈਟਵਰਕ ਨੂੰ ਚਾਲੂ ਰੱਖਿਆ ਜਾ ਸਕੇ।

14.0 ਐਸ.ਸੀ.ਈ.ਆਰ.ਟੀ ਦੇ ਨੁਮਾਇੰਦੇ ਸ੍ਰੀਮਤੀ ਮਨਜੀਤ ਕੌਰ ਨੇ ਦੱਸਿਆ ਕਿ ਐਜੂਸੈਟ ਦੇ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਕੋਕਰੀਕੁਲਰ ਪ੍ਰੋਗਰਾਮ ਸ਼ਾਮਿਲ ਕੀਤੇ ਜਾਣ। ਇਹ ਵੀ ਸੁਝਾਓ ਦਿੱਤਾ ਗਿਆ ਕਿ ਐਸ.ਸੀ.ਈ.ਆਰ.ਟੀ ਵੱਲੋਂ ਲਗਾਏ ਜਾਂਦੇ ਫੇਸ ਟੂ ਫੇਸ ਟੀਚਰ ਟ੍ਰੇਨਿੰਗ ਪ੍ਰੋਗਰਾਮਾਂ ਵਿੱਚ ਜਿਲ੍ਹਾ ਐਜੂਸੈਟ ਕੋਆਰਡੀਨੇਟਰ ਨੂੰ ਵੀ ਬੁੱਲਾਇਆ ਜਾਵੇ ਤਾਂ ਜੋ ਉਹ ਸਾਰੇ ਪਾਰਟੀਸਿਪੈਂਟਸ ਨੂੰ ਆਰ.ਓ.ਟੀ ਟ੍ਰਬਲਸ਼ੂਟਿੰਗ ਅਤੇ ਹੋਰ ਲੋੜੀਂਦੀ ਟ੍ਰੇਨਿੰਗ ਦੇਣ। ਇਸ ਨੂੰ ਪ੍ਰਵਾਨ ਕਰ ਲਿਆ ਗਿਆ।

ਮੀਟਿੰਗ ਚੇਅਰਮੈਨ ਜੀ ਦੇ ਧੰਨਵਾਦ ਨਾਲ ਸਮਾਪਤ ਹੋਈ।